# ਬਿਨੁ ਦਾਗੇ ਭਗਿ ਜਾਈ

ਸੰਤਾ ਮਾਨਉ ਦੂਤਾ ਡਾਨਉ ਇਹ
ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ
ਚਵਰ ਕਰਿ ਫੇਰੀ ॥੧॥

ਇਹ ਸ਼ਬਦ ਭਗਤ ਕਬੀਰ ਜੀ ਨੇ ਰਾਮਕਲੀ ਰਾਗ ਵਿਚ ਉਚਾਰਣ ਕੀਤਾ ਹੈ ਅਤੇ ਪੰਨਾ ੯੬੯ ਤੇ ਸੁਭਾਇਮਾਨ ਹੈ। ਇਹ ਆਪਣੇ ਆਪ ਵਿਚ ਇਕ ਨਵੇਕਲਾ ਸ਼ਬਦ ਹੈ, ਜਿਸ ਨੂੰ, ਰੰਗ ਰੱਤੇ ਸਾਧੂ ਦੀ ਸੰਗਤ ਕੀਤੇ ਬਿਨਾਂ ਸਮਝਣਾ ਕਾਫ਼ੀ ਕਠਨ ਹੈ। ਇਥੋਂ ਤਕ ਕਿ ਸੰਗਤਿ ਕੀਤਿਆਂ ਵੀ, ਸਮਝ ਔਖੀ ਹੀ ਪੈਂਦੀ ਹੈ। ਇਸ ਦੇ ਲਈ ਵਿਸ਼ਵਾਸ ਅਤਿਅੰਤ ਮਹੱਤਵਪੂਰਣ ਹੈ।

ਇਸ ਸ਼ਬਦ ਵਿਚ ਭਗਤ ਕਬੀਰ ਜੀ ਨੇ ਆਪਣੇ ਅਖ਼ਤਿਆਰ, ਸੱਤਾ, authority ਬਾਰੇ ਦਸਿਆ ਹੈ। ਇਹ ਉਹ ਅਖ਼ਤਿਆਰ ਹੈ ਜੋ ਵਾਹਗੁਰੂ ਵਲੋਂ ਉਨ੍ਹਾਂ ਨੂੰ ਧੁਰ ਤੋਂ ਹੀ ਮਿਲਿਆ ਹੋਇਆ ਸੀ। ਅਸਲ ਵਿਚ ਇਸ ਮਾਤਲੋਕ ਵਿਚ, ਜੋ ਸਰਕਾਰਾਂ ਜਾਂ ਰਾਜ ਚਲਦੇ ਹਨ, ਇਹ ਉਸ ਰੱਬੀ ਹਕੂਮਤ ਦੇ ਸਿਸਟਮ ਦਾ ਵਿਗੜਿਆ ਹੋਇਆ ਪ੍ਰਤੀਬਿੰਬ ਹੀ ਹੁੰਦੇ ਹਨ। ਅਸਲ ਸਰਕਾਰ ਤਾਂ ਸੂਖਮ ਤੌਰ ਤੇ ਭਗਤਾਂ ਦੀ ਹੀ ਹੁੰਦੀ ਹੈ, ਵੇਖਣ ਨੂੰ ਰਾਜ ਕਿਸੇ ਦਾ ਵੀ ਹੋਵੇ। ਉਸ ਦੇ ਰਾਜ ਵਿਚ ਵੀ ਅਵਸਥਾ ਅਤੇ ਪਰਵਾਨਗੀ ਦੇ ਹਿਸਾਬ ਨਾਲ ਉਪਰ ਤੋਂ ਥਲੇ ਤਕ ਦੇ ਪਦਾਂ ਦੀ ਲੜੀ (hierarchy) ਹੁੰਦੀ ਹੈ। ਪੰਨਾ ੭੦੭ ਤੇ ਸ੍ਰੀ ਗੁਰੂ ਅਰਜਨ ਸਾਹਿਬ ਇਸੇ ਤੱਥ ਵਲ ਇਸ਼ਾਰਾ ਕੀਤਾ ਹੈ ਕਿ ਭਗਤ, ਜੋ ਨਾਮ ਵਿਚ ਭਿਜਾ ਹੋਇਆ ਹੈ, ਉਹੀ ਸ੍ਰਿਸ਼ਟੀ ਦਾ ਅਸਲ ਰਾਜਾ ਹੈ - 'ਰਾਜਾ ਸਗਲੀ ਸ੍ਰਿਸਟਿ ਹਰਿ ਨਾਮਿ ਮਨੁ ਭਿੰਨਾ।।' ਸ੍ਰੀ ਗੁਰੂ ਅਮਰਦਾਸ ਸਾਹਿਬ ਵੀ ਇਸੇ ਵਲ ਇਸ਼ਾਰਾ ਕਰਦੇ ਹਨ - 'ਹਰਿ ਜੀਉ ਕੀ ਹੈ ਸਭ ਸਿਰਕਾਰਾ', ਪੰਨਾ ੧੦੫੪.

-- ਇਸ ਪਹਿਲੇ ਪਦੇ ਵਿਚ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਪਰਮਾਤਮਾ ਵਲੋਂ ਉਨ੍ਹਾਂ ਨੂੰ ਅਜਿਹੀ ਕੋਤਵਾਲੀ ਮਿਲੀ ਹੋਈ ਹੈ ਜਿਸ ਵਿਚ ਉਨ੍ਹਾਂ ਨੂੰ ਇਹ ਅਖ਼ਤਿਆਰ ਮਿਲਿਆ ਹੋਇਆ ਹੈ ਕਿ ਉਹ ਸੰਤ ਜਨਾਂ ਨੂੰ ਆਦਰ ਮਾਣ ਦੇਣ ਅਤੇ ਦੁਸ਼ਟਾਂ ਨੂੰ ਦੰਡ ਦੇਣ।

-- ਅਗੋਂ ਫ਼ੁਰਮਾਣ ਕਰਦੇ ਹਨ ਕਿ ਜਿਸ ਪ੍ਰਭੂ ਤੋਂ ਉਨ੍ਹਾਂ ਨੂੰ ਇਹ ਤਾਕਤ authority ਮਿਲੀ ਹੈ, ਮੈਂ ਰਾਤ ਦਿਨ ਉਸਦੇ ਚਰਣ ਪਰਸਦਾ ਹਾਂ ਅਤੇ ਆਪਣੇ ਕੇਸਾਂ ਨਾਲ ਉਸ ਤੇ ਚਉਰ ਕਰਦਾ ਹਾਂ।੧।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀ ਆਤਮ ਕਥਾ, ਬੱਚਿਤਰ ਨਾਟਕ ਵਿਚ ਵੀ ਦਸਿਆ ਹੈ ਕਿ ਉਨ੍ਹਾਂ ਨੂੰ ਵੀ ਵਾਹਿਗੁਰੂ ਨੇ ਭਗਤਾਂ ਦੇ ਉਧਾਰ ਅਤੇ ਜ਼ਾਲਮਾਂ ਦੇ ਖਾਤਮੇ ਲਈ ਹੀ ਭੇਜਿਆ ਹੈ - 'ਹਮ ਇਹ ਕਾਜ ਜਗਤ ਮੋ ਆਏ।। ਧਰਮ ਹੇਤ ਗੁਰਦੇਵ ਪਠਾਏ।।... ਧਰਮ ਚਲਾਵਨ ਸੰਤ ਉਬਾਰਨ ।। ਦੁਸਟ ਸਭਨ ਕੋ ਮੂਲ ਉਪਾਰਨ ।।੪੩।।'

ਮਹਾਤਮਾ ਜੀਸਸ ਨੇ ਵੀ ਬਾਈਬਲ ਦੇ ਨਵੇਂ ਨੇਮ ਵਿਚ, ਆਪਣਾ, ਪ੍ਰਭੂ ਵਲੋਂ ਭੇਜੇ ਜਾਣ ਦਾ ਅਜਿਹਾ ਹੀ ਕਾਰਣ ਦਸਿਆ ਹੈ ਅਤੇ ਆਪਣੇ ਕੀਤੇ ਕੰਮ, ਅਖ਼ਤਿਆਰ ਵਾਲੇ ਕੰਮ ਦਸੇ ਹਨ, ਉਹ ਅਖ਼ਤਿਆਰ, ਜੋ ਉਨ੍ਹਾਂ ਨੂੰ ਧੁਰ ਤੋਂ ਮਿਲਿਆ ਸੀ। ਭਾਗਵਤ ਪੁਰਾਣ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਵੀ ਆਪਣੇ ਆਉਣ ਦਾ ਅਜਿਹਾ ਹੀ ਪ੍ਰਯੋਜਨ ਖੁਲ ਕੇ ਦਸਿਆ ਹੈ।

ਅਸਲ ਸਰਕਾਰ ਤਾਂ ਵਾਹਗੁਰੂ ਦੇ ਭਗਤਾਂ ਦੀ ਹੀ ਚਲਦੀ ਹੈ। ਲੋੜ ਪੈਣ ਤੇ ਕਿਸੇ ਨਾ ਕਿਸੇ ਲੈਵਲ ਦੇ ਕਮਾਂਡਰ ਜਾ ਚੀਫ਼ ਆਉਂਦੇ ਹੀ ਰਹਿੰਦੇ ਹਨ। ਜੋ ਕਦੇ ਸੰਸਾਰ ਵਿਚ ਪ੍ਰਗਟ ਅਤੇ ਕਦੇ ਅਪ੍ਰਗਟ ਤੌਰ ਤੇ ਕੰਮ ਕਰਦੇ ਰਹਿੰਦੇ ਹਨ।

ਹਮ ਕੂਕਰ ਤੇਰੇ ਦਰਬਾਰਿ ॥
ਭਉਕਹਿ ਆਗੈ ਬਦਨੁ ਪਸਾਰਿ ॥੧॥
ਰਹਾਉ ॥

-- ਕਬੀਰ ਸਾਹਿਬ ਕਹਿੰਦੇ ਹਨ ਕਿ ਮੇਰੇ ਕੋਲ ਜਿਤਨੇ ਮਰਜ਼ੀ ਪਏ ਅਖ਼ਤਿਆਰ ਹੋਣ ਪਰ ਹੇ ਪ੍ਰਭੂ ! ਮੈਂ ਤੇਰੇ ਦਰਬਾਰ ਦਾ ਕੂਕਰ ਹਾਂ ਅਤੇ ਤੇਰੇ ਅਗੇ ਬਦਨ ਪਸਾਰ ਕੇ ਭੌਂਕ ਰਿਹਾ ਹਾਂ।੧।ਰਹਾਉ।

ਕੁਤੇ ਦਾ ਸੁਭਾਅ ਹੁੰਦਾ ਹੈ ਕਿ ਉਹ ਚੋਰਾਂ ਆਦਿ ਤੋਂ ਆਪਣੇ ਘਰ ਦੀ ਰਖਵਾਲੀ ਲਈ ਭੌਂਕਦਾ ਹੀ ਭੌਂਕਦਾ ਹੈ। ਭਾਵ, ਕਬੀਰ ਸਾਹਿਬ ਅਤੇ ਹੋਰ ਭਗਤ ਸਾਹਿਬਾਨ ਨੂੰ ਵੀ ਸਮੇਂ ਦੀਆਂ ਬੁਰਿਆਈਆਂ ਖਿਲਾਫ਼ ਆਵਾਜ਼ ਬੁਲੰਦ ਕਰਨ ਦਾ ਅਖ਼ਤਿਆਰ ਸੀ। ਤਾਂ ਹੀ ਤਾਂ ਉਹ ਅਤੇ ਹੋਰ ਸਾਰੇ ਭਗਤ ਸਾਹਿਬਾਨ, ਬੇ-ਖ਼ੌਫ਼ ਹੋ ਕੇ ਗਜਦੇ ਰਹੇ।

ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ
ਮਿਟਿਆ ਨ ਜਾਈ ॥
ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ
ਦਗਾਈ ॥੨॥

-- ਭਗਤ ਕਬੀਰ ਜੀ ਅਗੋਂ ਦਸਦੇ ਹਨ ਕਿ ਉਹ ਪਹਿਲਾਂ ਤੋਂ ਹੀ, ਪਿਛਲੇ ਜਨਮਾਂ ਤੋਂ ਹੀ ਪ੍ਰਭੂ ਦੇ ਸੇਵਕ, ਭਾਵ, ਭਗਤ ਚਲੇ ਆ ਰਹੇ ਹਨ ਅਤੇ ਇਹ ਜ਼ਿੰਮੇਵਾਰੀ ਮਿਲੀ ਹੋਈ ਹੈ। ਇਸ ਲਈ ਹੁਣ ਤਾਂ ਉਹ ਇਸ ਸੇਵਾ, ਜ਼ਿੰਮੇਵਾਰੀ, ਅਖ਼ਤਿਆਰ ਤੋਂ ਮੂੰਹ ਨਹੀਂ ਮੋੜ ਸਕਦੇ।

-- ਹੇ ਪ੍ਰਭੂ ! ਤੇਰੇ ਦੁਆਰੇ ਤੋਂ ਹੀ ਇਹ ਸਹਿਜ ਦੀ ਧੁਨੀ (ਇਕ ਅਵੱਸਥਾ) , ਭਾਵ ਕਮਾਈ ਅਤੇ ਕਿਰਪਾ ਸਦਕਾ, ਇਸ ਪੋਸਟ ਦੀ ਮੋਹਰ ਮੇਰੇ ਮਥੇ ਤੇ ਦਾਗ਼ੀ ਗਈ।੨।

ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ
ਦਾਗੇ ਭਗਿ ਜਾਈ ॥
ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ
ਖਜਾਨੈ ਪਾਈ ॥੩॥

ਭਗਤ ਜੀ ਦਸਦੇ ਹਨ ਕਿ ਇਹ ਜ਼ਿੰਮੇਵਾਰੀ, ਹਰ ਕੋਈ ਨਹੀਂ ਨਿਭਾਅ ਸਕਦਾ। ਜਿਵੇਂ ਹਰ ਮਨੁਖ ਪੁਲਿਸ ਅਫ਼ਸਰ ਨਹੀਂ ਬਣ ਸਕਦਾ, ਉਸ ਲਈ ਜ਼ਰੂਰੀ ਜੋਗਤਾ, ਇਮਤਿਹਾਨ ਪਾਸ ਕਰਨਾ, ਸਿਖਲਾਈ (training) ਆਦਿ ਬਹੁਤ ਕੁਝ ਜ਼ਰੂਰੀ ਹੈ, ਇਸੇ ਤਰ੍ਹਾਂ ਵਾਹਿਗੁਰੂ ਦੀ ਸਰਕਾਰ ਦੇ ਵਿਚ ਉਸੇ ਨੂੰ ਸ਼ਾਮਲ ਕੀਤਾ ਜਾਂਦਾ ਹੈ, ਜਿਸ ਦੇ ਖ਼ਜ਼ਾਨੇ ਵਿਚ ਵਾਹਿਗੁਰੂ ਨੇ ਭਗਤੀ ਪਾਈ ਹੋਵੇ ਤੇ ਉਨ੍ਹਾਂ ਦੀ ਭਗਤੀ ਕਬੂਲ ਹੋਈ ਹੋਵੇ।

-- ਤੀਜੇ ਪਦੇ ਵਿਚ ਕਬੀਰ ਜੀ ਆਪਣਾ ਧੁਰ ਤੋਂ ਹੀ ਦਾਗ਼ਿਆ ਜਾਣਾ ਦਸਣ ਤੋਂ ਬਾਅਦ ਇਹ ਫ਼ੁਰਮਾਣ ਕਰ ਰਹੇ ਹਨ ਕਿ ਜਿਵੇਂ ਲੜਾਈ ਦੇ ਮੈਦਾਨ

ਵਿਚ ਹਰ ਘੋੜਾ ਨਹੀਂ ਸੀ ਜਾ ਸਕਦਾ, ਬਲਕਿ ਸਿਰਫ਼ ਉਹੀ ਘੋੜੇ ਜਾ ਸਕਦੇ ਸਨ, ਜੋ ਦਾਗ਼ੇ ਗਏ ਹੋਣ। ਦਾਗ਼ੇ ਹੋਏ ਘੋੜੇ ਉਹ ਹੁੰਦੇ ਸਨ ਜਿਹੜੇ ਸਿਖਲਾਈ ਉਪਰੰਤ ਪਾਸ ਹੁੰਦੇ ਸਨ ਤੇ ਉਨ੍ਹਾਂ ਨੂੰ ਗਰਮ ਸੀਖ ਨਾਲ ਦਾਗ਼ ਦਿਤਾ ਜਾਂਦਾ ਸੀ।

-- ਇਸੇ ਤਰ੍ਹਾਂ ਸਾਧੂ ਹੀ (ਜਿਹੜਾ ਪਿਛਲੇ ਜਨਮਾਂ ਤੋਂ ਹੀ ਭਗਤ ਤੁਰਿਆ ਆ ਰਿਹਾ ਹੈ) ਭਗਤੀ ਨੂੰ ਜਾਣਦਾ ਹੈ, ਭਾਵ ਕਮਾਉਂਦਾ ਹੈ ਅਤੇ ਉਸੇ ਦੇ ਖਜ਼ਾਨੇ ਵਿਚ ਹੀ ਭਗਤੀ ਪਾਉਂਦਾ ਹੈ। ਭਾਵ, ਉਸੇ ਦੀ ਹੀ ਭਗਤੀ ਕਬੂਲ ਹੁੰਦੀ ਹੈ ਅਤੇ ਵਾਹਿਗੁਰੂ ਉਹ ਦਾਤ ਉਨ੍ਹਾਂ ਦੇ ਖ਼ਜ਼ਾਨੇ ਵਿਚ ਪਾ ਦਿੰਦਾ ਹੈ।੩।

ਕੋਠਰੇ ਮਹਿ ਕੋਠਰੀ ਪਰਮ ਕੋਠੀ
ਬੀਚਾਰਿ ॥
ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ
ਬਸਤੁ ਸਮ੍ਾਰਿ ॥੪॥

-- ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਮੇਰੇ ਇਸ ਸਰੀਰ ਰੂਪੀ ਕੋਠਰੇ ਵਿਚ ਇਕ ਹਿਰਦਾ ਰੂਪ ਕੋਠਰੀ ਹੈ। ਉਸ ਕੋਠਰੀ ਵਿਚ ਵਾਹਿਗੁਰੂ ਦੀ ਪਰਮ ਕੋਠੀ ਵਿਚ ਨਾਮ ਦਾ ਖ਼ਜ਼ਾਨਾ ਪਿਆ ਹੈ।

-- ਇਹ ਖ਼ਜ਼ਾਨਾ ਮੈਂਨੂੰ ਮੇਰੇ ਗੁਰੂ ਨੇ ਬਖਸ਼ਿਆ ਹੈ ਅਤੇ ਨਾਲ ਹੀ ਇਹ ਹੁਕਮ ਵੀ ਜਾਰੀ ਕਰ ਦਿਤਾ ਕਿ ਇਸ ਨੂੰ ਸੰਭਾਲ ਕੇ ਰਖਣਾ ਹੈ, ਭਾਵ, ਐਵੇਂ ਨਹੀਂ ਲੁਟਾਈ ਜਾਣਾ।੪।

ਕਿਉਂਕਿ ਇਸ ਖ਼ਜ਼ਾਨੇ ਨੂੰ ਪ੍ਰਾਪਤ ਕਰਨ ਦਾ ਪਾਤਰ ਹਰ ਕੋਈ ਨਹੀਂ ਬਣ ਸਕਦਾ। ਉਹੀ ਦਾਗ਼ੇ ਹੋਣ ਵਾਲੀ ਗਲ ਹੈ। ਇਸ ਖ਼ਜ਼ਾਨੇ ਦਾ ਨਾ ਕੋਈ ਬਜ਼ਾਰ ਹੈ, ਨਾ ਕੋਈ ਪਾਰਖੂ, ਨਾ ਕੋਈ ਗਾਹਕ ਹੈ ਅਤੇ ਨਾ ਹੀ ਕੋਈ ਇਸ ਦਾ ਇਤਨਾ ਮਹਿੰਗਾ ਮੁਲ ਤਾਰ ਸਕਦਾ ਹੈ - 'ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥ ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥੨੩॥' ਪੰਨਾ ੧੩੬੫. ਨਾਲ ਹੀ ਹੁਕਮ ਹੋਇਆ ਕਿ ਇਹ ਗੰਠ ਕਿਸੇ ਪਾਰਖੂ ਅਗੇ ਹੀ ਖੋਲਣੀ ਹੈ ਜੋ ਇਸਦਾ ਮਹਿੰਗਾ ਮੁਲ ਤਾਰਣ ਜੋਗਾ ਹੋਵੇ - 'ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ॥ ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥੨੨੫॥' ਇਸ ਦਾ ਮੁਲ ਬਹੁਤ ਭਾਰਾ ਹੈ, ਉਹ ਹੈ ਮਨ - 'ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ

ਹੈ ਮੋਲਿ।।' ਮਨ ਸੌਂਪਣਾ ਹੀ ਤਾਂ ਸਭ ਤੋਂ ਔਖਾ ਕੰਮ ਹੈ, ਤਾਂ ਹੀ ਤਾਂ, ਮਸਾਂ ਕੋਈ ਹੀ ਦਾਗ਼ ਹੁੰਦਾ ਹੈ।

ਕਬੀਰਿ ਦੀਈ ਸੰਸਾਰ ਕਉ ਲੀਨੀ
ਜਿਸੁ ਮਸਤਕਿ ਭਾਗੁ ॥
ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ
ਤਾ ਕਾ ਸੋਹਾਗੁ ॥੫॥੪॥

-- ਕਬੀਰ ਸਾਹਿਬ ਦਸਦੇ ਹਨ ਕਿ ਉਨ੍ਹਾਂ ਨੇ ਇਸ ਦੇ ਬਾਵਜੂਦ, ਇਹ ਦਾਤ ਅਗੋਂ ਵੰਡੀ ਜ਼ਰੂਰ, ਪਰ ਲਈ ਕਿਸੇ ਵਿਰਲੇ ਨੇ, ਉਸ ਨੇ ਲਈ, ਜਿਸ ਦੇ ਮਥੇ ਤੇ ਧੁਰ ਤੋਂ ਭਾਗ ਲਿਖੇ ਹੋਏ ਸਨ।

-- ਇਹ ਗੁਰੂ ਪਤੀ, ਵਲੋਂ, ਅੰਮ੍ਰਿਤ ਰਸ ਉਸੇ ਪਿਛਲੇ ਭਾਗਾਂ ਵਾਲੀ ਜੀਵ ਇਸਤਰੀ ਨੂੰ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਦਾ ਸੋਹਾਗ ਪੱਕਾ ਹੋ ਜਾਂਦਾ ਹੈ। ਉਸ ਇਸਤਰੀ ਦਾ ਦਾਗ਼ੇ ਜਾਣਾ ਅਗੋਂ ਸਦਾ ਲਈ ਵੀ ਪਕਾ ਹੋ ਜਾਂਦਾ ਹੈ।੫।੪।
ਇਸ ਗਲ ਦਾ ਭੇਦ ਵੀ ਕਬੀਰ ਸਾਹਿਬ ਅਗੋਂ ਖੋਲਦੇ ਹਨ ਕਿ ਪੂਰਬਲੀ ਕਮਾਈ ਅਨੁਸਾਰ ਬਣੇ ਭਾਗਾਂ ਕਰਕੇ ਹੀ ਸਾਧੂ ਦੀ ਪ੍ਰਾਪਤੀ ਹੁੰਦੀ ਹੈ ਜਿਸ ਰਾਹੀਂ ਇਹ ਪਦਾਰਥ ਮਿਲਦਾ ਹੈ - 'ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ।। ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ।।੨੩੧।।'
ਭਾਈ ਗੁਰਦਾਸ ਜੀ ਵੀ ਇਹ ਤੱਥ ਸਮਝਾਉਂਦੇ ਹਨ ਕਿ ਜਿਸ ਦੀ ਜੋ ਵਸਤ ਪੂਰਬਲੀ ਲਿਖੀ ਹੁੰਦੀ ਹੈ, ਭਾਵ, ਜਿਸ ਕਿਸੇ ਨੂੰ ਕਿਸੇ ਮਹਾਤਮਾ ਵਲੋਂ ਉਸ ਦੀ ਪ੍ਰਾਪਤੀ ਦੇ ਪੂਰਬਲੇ ਬਚਨ ਹੋਏ ਹੁੰਦੇ ਹਨ, ਉਹ ਵਸਤ ਉਸੇ ਨੂੰ ਹੀ ਮਿਲਦੀ ਹੈ - 'ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ।।' ਵਾਰ ੧:੪੭

ਇਹ ਸ਼ਬਦ, ਵਾਹਿਗੁਰੂ ਦੀ ਅਣਡਿਠੀ ਸਰਕਾਰ ਦੇ ਬਹੁਤ ਗੁਝੇ ਭੇਦਾਂ ਵਲ, ਇਸ਼ਾਰਾ ਮਾਤਰ ਹੀ ਹੈ।

Last modified: 8:31 am